ਜਮਾਤ -ਛੇਵੀਂ

ਪਾਠ-8 ਸਾਰਾ ਜੱਗ ਨਹੀਂ ਜਿੱਤਿਆ ਜਾਂਦਾ

ਸਾਹਿਤ ਰੂਪ-ਕਹਾਣੀ

ਲੇਖਿਕਾ- ਸ੍ਰੀਮਤੀ ਨਿਤਾਸ਼ਾ ਕੋਹਲੀ



**ਪ੍ਰਸ਼ਨ (ੳ) ਕੁੜੀਆਂ ਕਿਸਾਨ ਤੇ ਉਸ ਦੇ ਪੁੱਤਰ ਨੂੰ ਦੇਖ ਕੇ ਕਿਉਂ ਹੱਸੀਆਂ ਸਨ?**

ਉੱਤਰ- ਕੁੜੀਆਂ ਕਿਸਾਨ ਤੇ ਉਸ ਦੇ ਪੁੱਤਰ ਨੂੰ ਦੇਖ ਕੇ ਇਸ ਲਈ ਹੱਸੀਆਂ ਸਨ ਕਿਉਂਕਿ ਉਹ ਖੋਤੇ ਦੀ ਸਵਾਰੀ ਕਰਨ ਦੀ ਥਾਂ ਉਸ ਨਾਲ਼ ਪੈਦਲ ਤੁਰੇ ਜਾ ਰਹੇ ਸਨ।



**ਪ੍ਰਸ਼ਨ (ਅ) ਪਿਤਾ ਤੇ ਪੁੱਤਰ ਨੇ ਖੋਤੇ ਨੂੰ ਮੋਢੇ ‘ਤੇ ਕਿਉਂ ਚੁੱਕਿਆ ਸੀ?**

ਉੱਤਰ-ਲੋਕਾਂ ਦੀਆਂ ਗੱਲਾਂ ਤੋਂ ਤੰਗ ਆ ਕੇ ਪਿਤਾ ਤੇ ਪੁੱਤਰ ਨੇ ਖੋਤੇ ਨੂੰ ਮੋਢੇ ‘ਤੇ ਚੁੱਕਿਆ ਸੀ

**ਪ੍ਰਸ਼ਨ (ੲ) ਦਰਿਆ ਦੇ ਪੁਲ਼ ‘ਤੇ ਆ ਕੇ ਕੀ ਵਾਪਰਿਆ? ?**

ਉੱਤਰ- ਦਰਿਆ ਦੇ ਪੁਲ਼ ‘ਤੇ ਆ ਕੇ ਲੋਕਾਂ ਦਾ ਸ਼ੋਰ ਸੁਣ ਕੇ ਖੋਤਾ ਘਬਰਾ ਗਿਆ।ਉਸ ਨੇ ਹਿਲ-ਜੁਲ ਕੀਤੀ ਤੇ ਫਿਸਲ ਕੇ ਨਦੀ ਵਿੱਚ ਜਾ ਡਿਗਿਆ।




**ਪ੍ਰਸ਼ਨ (ਸ) ਪਿਓ-ਪੁੱਤਰ ਦਾ ਨੁਕਸਾਨ ਕਿਉਂ ਹੋਇਆ ?**

ਉੱਤਰ- ਲੋਕਾਂ ਦੀਆਂ ਗੱਲਾਂ ਵਿੱਚ ਆਉਣ ਕਰਕੇ ਪਿਓ-ਪੁੱਤਰ ਦਾ ਨੁਕਸਾਨ ਹੋਇਆ।

**ਪ੍ਰਸ਼ਨ (ਹ) ਇਸ ਕਹਾਣੀ ਤੋਂ ਕੀ ਸਿੱਖਿਆ ਮਿਲਦੀ ਹੈ ?**

ਉੱਤਰ- ਇਸ ਕਹਾਣੀ ਤੋਂ ਸਿੱਖਿਆ ਮਿਲਦੀ ਹੈ ਕਿ ਸਾਨੂੰ ਲੋਕਾਂ ਦੀਆਂ ਗੱਲਾਂ ਵਿੱਚ ਨਹੀਂ ਆਉਣਾ ਚਾਹੀਦਾ, ਆਪਣੇ ਦਿਮਾਗ ਤੋਂ ਕੰਮ ਲੈਣਾ ਚਾਹੀਦਾ ਹੈ।



**ਪ੍ਰਸ਼ਨ 3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

1.ਸਵਾਰੀ- ਮੈਂ ਅੱਜ ਕਾਰ ਦੀ ਸਵਾਰੀ ਕੀਤੀ।

2.ਤਰਸ- ਸਾਨੂੰ ਗਰੀਬਾਂ ‘ਤੇ ਤਰਸ ਕਰਨਾ ਚਾਹੀਦਾ ਹੈ।

3.ਆਜੜੀ- ਜੰਗਲ ਵਿੱਚ ਆਜੜੀ ਭੇਡਾਂ ਚਾਰ ਰਿਹਾ ਸੀ।

4.ਸ਼ਰਮਿੰਦਾ - ਮੈਂ ਆਪਣੀ ਗ਼ਲਤੀ ‘ਤੇ ਸ਼ਰਮਿੰਦਾ ਹਾਂ।

5.ਹੱਟਾ-ਕੱਟਾ- ਇੱਕ ਹੱਟਾ-ਕੱਟਾ ਨੌਜਵਾਨ ਭੀਖ ਮੰਗ ਰਿਹਾ ਸੀ।

ਪ੍ਰਸ਼ਨ 3,4 ਪਾਠ ਪੜ੍ਹ ਕੇ ਵਿਦਿਆਰਥੀ ਆਪ ਸਮਝਣਗੇ ਤੇ ਕਰਨਗੇ।

ਤਿਆਰ ਕਰਤਾ:-
ਅਵਤਾਰ ਸਿੰਘ
ਪੰਜਾਬੀ ਮਾਸਟਰ
ਸਰਕਾਰੀ ਮਿਡਲ
ਸਕੂਲ,ਦੇਧਨਾ
99886-43700